# ਪੰਜਾਬ ਸਕੂਲ ਸਿੱਖਿਆ ਬੋਰਡ

(ਪ੍ਰੈਸ ਨੋਟ)

ਬਾਰ੍ਹਵੀਂ ਸ਼੍ਰੇਣੀ (ਸਾਇੰਸ ਅਤੇ ਕਾਮਰਸ ਗਰੁੱਪ) ਦੇ ਉਹ ਪ੍ਰੀਖਿਆਰਥੀ ਜਿਹੜੇ ਮਿਤੀ 30/06/2018 ਨੂੰ ਹੋਈ ਅਨੁਪੂਰਕ ਪ੍ਰੀਖਿਆ ਵਿਚ ਸਕੂਲਾਂ ਵਿਚ ਛੁੱਟੀਆਂ ਹੋਣ ਕਾਰਣ ਪ੍ਰੀਖਿਆ ਦੀ ਮਿਤੀ ਸਬੰਧੀ ਜਾਣਕਾਰੀ ਨਾ ਹੋਣ ਅਤੇ ਮੁੜ-ਮੁਲਾਂਕਣ ਅਤੇ ਰੀਚੈਕਿੰਗ ਉਪਰੰਤ ਨਤੀਜੇ ਵਿਚ ਹੋਈ ਤਬਦੀਲੀ ਕਾਰਣ ਪ੍ਰੀਖਿਆ ਨਹੀਂ ਦੇ ਸਕੇ । ਕੇਵਲ ਇਹਨਾਂ ਪ੍ਰੀਖਿਆਰਥੀਆਂ ਨੂੰ ਹੀ ਅਗਸਤ -2018 ਵਿਚ ਹੋਣ ਵਾਲੀ ਹਿਊਮੈਨਟੀਜ਼ ਗਰੁੱਪ ਸਮੇਤ ਓਪਨ ਸਕੂਲ ਦੀ ਪ੍ਰੀਖਿਆ ਵਿਚ ਅਪੀਅਰ ਹੋਣ ਲਈ ਮੌਕਾ ਦਿੱਤਾ ਜਾਂਦਾ ਹੈ । ਇਸ ਸਬੰਧੀ ਜਿਹੜੇ ਪ੍ਰੀਖਿਆਰਥੀ ਦਾਖਲਾ ਫਾਰਮ ਭਰਨ ਉਪਰੰਤ ਪ੍ਰੀਖਿਆ ਦੇਣ ਤੋਂ ਰਹਿ ਗਏ ਸਨ ਉਹ ਕੇਵਲ ਬਣਦੀ ਫੀਸ ਮੁੱਖ ਦਫਤਰ ਜਮ੍ਹਾਂ ਕਰਵਾਉਗੇ ਇਸ ਤੋਂ ਇਲਾਵਾ ਜਿਹੜੇ ਪ੍ਰੀਖਿਆਰਥੀਆਂ ਨੇ ਜੂਨ-2018 ਅਧੀਨ ਪਹਿਲਾਂ ਦਾਖਲਾ ਫਾਰਮ ਅਤੇ ਫੀਸ ਜਮ੍ਹਾਂ ਨਹੀਂ ਕਰਵਾਈ ਉਹ ਆਪਣਾ ਨਵਾਂ ਦਾਖਲਾ ਫਾਰਮ ਆਨਲਾਈਨ ਭਰਨਗੇ , ਉਪਰੰਤ ਫੀਸ ਦਾ ਚਲਾਨ ਅਤੇ ਫਾਰਮ ਸਮੇਤ ਬਣਦੀ ਫੀਸ ਮਿਤੀ 20/07/2018 ਤੱਕ ਮੁੱਖ ਦਫਤਰ,ਪੰਜਾਬ ਸਕੂਲ ਸਿੱਖਿਆ ਬੋਰਡ ,ਐੱਸ ਏ ਐੱਸ ਨਗਰ, ਵਿਖੇ ਹੀ ਜਮ੍ਹਾਂ ਕਰਵਾਉਣਗੇ । ਪ੍ਰੀਖਿਆ ਫਾਰਮ ਅਤੇ ਹੋਰ ਜਾਣਕਾਰੀ ਬੋਰਡ ਦੀ ਵੈੱਬਸਾਈਟ www.pseb. ac.In ਤੇ ਦੇਖੀ ਜਾ ਸਕਦੀ ਹੈ।

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner